# ਪੰਜਾਬੀ ਅਭਿਆਸ ਪੁਸਤਕ

ਭਾਗ ਦੂਜਾ




ਡਾ. ਵਰਿੰਦਰਪਾਲ ਸਿੰਘ

ATAM PARGAS

ਆਤਮ ਪਰਗਾਸ ਪ੍ਰੋਡਕਸ਼ਨਸ

ATAM PARGAS PRODUCTIONS

www.atampargas.org

© ATAM PARGAS SOCIAL WELFARE COUNCIL

# ਲਿਖਾਰੀ ਦੀ ਕਲਮ ਤੋਂ

**ਪਿਆਰੇ ਬੱਚਿਓ !**



ਤੁਸੀਂ ਸੱਚਮੁੱਚ ਰੱਬ ਦਾ ਰੂਪ ਹੋ। ਤੁਹਾਡੀ ਕੋਮਲਤਾ, ਨਿਰਵੈਰਤਾ, ਭੋਲਾਪਣ ਅਤੇ ਬੋਲਾਂ ਦੀ ਮਿਠਾਸ ਕਠੋਰ ਹਿਰਦਿਆਂ ਅੰਦਰ ਵੀ ਪਿਆਰ ਦੇ ਚਸ਼ਮੇ ਨੂੰ ਜਨਮ ਦੇ ਦਿੰਦੀ ਹੈ। ਤੁਹਾਡੀਆਂ ਚੰਚਲ ਹਰਕਤਾਂ ਭਾਵੇਂ ਕਈ ਵਾਰ ਮਾਪਿਆਂ ਨੂੰ ਪਰੇਸ਼ਾਨ ਵੀ ਕਰਦੀਆਂ ਹਨ ਪਰ ਫਿਰ ਵੀ ਉਨ੍ਹਾਂ ਦੇ ਪਿਆਰ ਵਿਚ ਕਮੀ ਨਹੀਂ ਆਉਂਦੀ। ਤੁਸੀਂ ਹਰ ਪਰਿਵਾਰ ਦਾ ਸ਼ਿੰਗਾਰ ਹੋ, ਹਰ ਪਰਿਵਾਰ ਦੀ ਜਾਨ ਹੋ। ਵਾਹਿਗੁਰੂ ਜੀ ਨੇ ਤੁਹਾਨੂੰ ਐਨਾ ਸੁੰਦਰ ਬਣਾਇਆ ਹੈ ਕਿ ਸਾਰੇ ਤੁਹਾਨੂੰ ਲਾਡ ਪਿਆਰ ਕਰਦਿਆਂ ਰੱਜਦੇ ਨਹੀਂ ਅਤੇ ਤੁਹਾਡੀ ਹਰ ਲੋੜ ਪੂਰੀ ਕਰਨ ਦਾ ਯਤਨ ਕਰਦੇ ਹਨ।

ਪਿਆਰੇ ਬੱਚਿਓ ! ਜੇ ਅਸੀਂ, ਸਾਨੂੰ ਸੁੰਦਰ ਬਣਾਉਣ ਵਾਲੇ ਅਤਿ ਸੁੰਦਰ ਵਾਹਿਗੁਰੂ ਜੀ ਨੂੰ ਪੱਕਾ ਦੋਸਤ ਬਣਾ ਕੇ ਹਰ ਕੰਮ ਨੂੰ ਵਾਹਿਗੁਰੂ ਜੀ ਦੀ ਭੈ-ਭਾਵਨੀ ਵਿਚ ਪੂਰੀ ਮਿਹਨਤ ਨਾਲ ਕਰਨ ਉਪਰੰਤ ਫੈਸਲਾ ਵਾਹਿਗੁਰੂ ਜੀ ਤੇ ਛੱਡਣ ਦਾ ਸੁਭਾਓ ਬਣਾ ਲਈਏ ਤਾਂ ਉਹ ਸਾਨੂੰ ਹੋਰ ਸੁੰਦਰ ਬਣਾ ਦੇਣਗੇ। ਸਵੇਰੇ ਉੱਠਦਿਆਂ ਸਾਰ ਵਾਹਿਗੁਰੂ ਜੀ ਨੂੰ ਯਾਦ ਕਰਨ ਉਪਰੰਤ, ਇਸ਼ਨਾਨ ਕਰਦਿਆਂ, ਤਿਆਰ ਹੁੰਦਿਆਂ, ਪਰਸ਼ਾਦਾ ਛਕਦਿਆਂ, ਸਕੂਲ ਜਾਂਦਿਆਂ, ਪੜ੍ਹਦਿਆਂ, ਖੇਡਦਿਆਂ, ਹੋਰ ਸਾਰੇ ਕੰਮ ਕਰਦਿਆਂ ਤੇ ਫੇਰ ਰਾਤ ਨੂੰ ਸੌਣ ਲੱਗਿਆਂ ਜਦੋਂ ਅਸੀਂ ਆਪਣੇ ਮਿੱਤਰ ਵਾਹਿਗੁਰੂ ਜੀ ਨੂੰ ਨਾਲ ਜਾਣਾਂਗੇ ਤਾਂ ਉਹ ਸੱਚਮੁੱਚ ਸਾਡੇ ਸਾਰੇ ਕੰਮਾਂ ਵਿਚ ਆਪ ਸਹਾਈ ਹੋਣਗੇ। ਸਾਡੇ ਜੀਵਨ ਨੂੰ ਵਧੇਰੇ ਸੁੰਦਰ ਤੋਂ ਸੁੰਦਰ ਗੁਣਾਂ ਨਾਲ ਸ਼ਿੰਗਾਰ ਦੇਣਗੇ ਅਤੇ ਸਾਰੀ ਲੁਕਾਈ ਸਾਨੂੰ ਪਿਆਰ ਕਰੇਗੀ।

ਪਿਆਰੇ ਬੱਚਿਓ ! ਤੁਹਾਨੂੰ ਉੱਚੀ-ਸੁੱਚੀ ਜੀਵਨ ਜਾਚ ਦ੍ਰਿੜ੍ਹ ਕਰਵਾਉਣ ਲਈ ਸਾਲ 2010 ਵਿਚ **'ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ'**, **'ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ'** ਅਤੇ **'ਜੀਵੀਏ ਗੁਰਬਾਣੀ ਨਾਲ-ਚਿੱਤਰ-ਮਾਲਾ'** ਪੁਸਤਕਾਂ ਚਾਰ ਭਾਗਾਂ ਵਿਚ ਪ੍ਰਕਾਸ਼ਿਤ ਕਰਕੇ ਤੁਹਾਡੀ ਸੇਵਾ ਵਿਚ ਭੇਟ ਕੀਤੀਆਂ ਸਨ। ਸੈਂਕੜੇ ਵਿੱਦਿਅਕ ਅਦਾਰਿਆਂ ਵੱਲੋਂ ਇਨ੍ਹਾਂ ਪੁਸਤਕਾਂ ਦੀ ਸਕੂਲ ਸਿਲੇਬਸ ਵਿਚ ਸ਼ਮੂਲੀਅਤ ਅਤੇ ਛੋਟੇ ਬੱਚਿਆਂ ਲਈ ਨਵੀਆਂ ਪੁਸਤਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਬਾਲ ਪਾਠਕਾਂ ਲਈ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜੀ ਵਿਚ ਦੋ ਭਾਗ) ਸਿਰਲੇਖ ਹੇਠ ਹੋਰ ਨਵੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਹਾਸਲ ਕਰ ਰਹੇ ਹਾਂ।

ਪਿਆਰੇ ਬੱਚਿਓ ! ਆਤਮ ਪਰਗਾਸ ਪੁਸਤਕ ਸੀਰੀਜ਼ ਦਾ ਅਧਿਐਨ ਕਰਦਿਆਂ-ਕਰਦਿਆਂ ਜਿੱਥੇ ਤੁਸੀਂ ਦੁਨਿਆਵੀ ਗਿਆਨ ਅਤੇ ਹੁਨਰ ਹਾਸਲ ਕਰੋਗੇ ਉੱਥੇ ਆਪਣੇ ਅਮੀਰ ਵਿਰਸੇ ਨਾਲ ਵੀ ਜੁੜੇ ਰਹੋਗੇ। ਉੱਚ ਵਿੱਦਿਆ ਹਾਸਲ ਕਰਕੇ ਸਚਿਆਰ ਮਨੁੱਖ ਵਜੋਂ ਜਿਊਣ ਦਾ ਅਭਿਆਸ ਕਰਦਿਆਂ ਜਦੋਂ ਆਪ ਜੀ ਦੇ ਨੰਨ੍ਹੇ-ਨੰਨ੍ਹੇ ਕਦਮ ਵੱਡੀਆਂ-ਵੱਡੀਆਂ ਮੰਜ਼ਲਾਂ ਫ਼ਤਿਹ ਕਰਨ ਲਈ ਤਿਆਰ ਹੋ ਜਾਣਗੇ ਤਾਂ ਗੁਰਬਾਣੀ ਨਾਲ ਬਿਤਾਇਆ ਆਪ ਜੀ ਦੇ ਬਚਪਨ ਦਾ ਹਰ ਪਲ ਆਪ ਜੀ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਵੇਗਾ। ਆਪ ਜੀ ਦਾ ਸਮੁੱਚਾ ਆਲਾ-ਦੁਆਲਾ ਆਪ ਜੀ ਦੇ ਉੱਚੇ-ਸੁੱਚੇ ਜੀਵਨ ਦੀ ਮਹਿਕ ਨਾਲ ਖਿੜ ਕੇ ਸੁਚੱਜੀ ਜੀਵਨ ਜਾਚ ਨੂੰ ਧਾਰਨ ਕਰਨ ਲਈ ਬੇਤਾਬ ਹੋ ਉੱਠੇਗਾ ਤੇ ਤੁਸੀਂ ਵੀ ਧੰਨ ਹੋ ਜਾਓਗੇ।

ਡਾ. ਹਰਿੰਦਰਪਾਲ ਸਿੰਘ

© ATAM PARGAS SOCIAL WELFARE COUNCIL

# ਪੰਜਾਬੀ ਅਭਿਆਸ ਪੁਸਤਕ

ਭਾਗ ਦੂਜਾ

ਡਾ. ਵਰਿੰਦਰਪਾਲ ਸਿੰਘ

© ATAM PARGAS SOCIAL WELFARE COUNCIL

ATAM PARGAS
ਆਤਮ ਪਰਗਾਸ ਪ੍ਰੋਡਕਸ਼ਨਸ
ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ

**PUNJABI ABHIAAS PUSTAK (Part-2)**

**Author :** Dr. Varinderpal Singh
E-mail : singhvp72@gmail.com

**First Edition :** September, 2015
**Fourth Edition :** January, 2019

**© All rights reserved**

ANY UNAUTHORIZED REPRODUCTION OR SALE OF THE BOOK IN WHOLE OR IN EXTRACT FORM IS PROHIBITED UNDER THE COPY RIGHT ACT, 1957. DISPUTES WILL BE SETTLED UNDER THE JURISDICTION OF COURTS IN LUDHIANA ONLY.

**ISBN : 978-93-85927-87-4 (Set ISBN : 978-93-85927-85-0)**

**THIS BOOK CONTAINS GURBANI. HANDLE WITH RESPECT.**

**ਇਹ ਪੁਸਤਕ ਗੁਰਬਾਣੀ ਅਧਾਰਤ ਹੈ। ਇਸਦੀ ਸੰਭਾਲ ਅਤੇ ਅਧਿਐਨ ਸਤਿਕਾਰ ਸਹਿਤ ਕਰੋ ਜੀ।**

THANK YOU FOR PURCHASING THIS BOOK. ATAM PARGAS TEAM IS COMMITTED TO ENLIGHTEN YOUNG SOULS WITH A VISION TO DEVELOP TRUTHFUL HUMAN BEINGS. THE PRICES OF OUR BOOKS ARE DESIGNED TO MEET EXPENDITURES AND ENABLE THE FULFILMENT OF PROJECTS UNDER THE AUSPICES OF ATAM PARGAS SOCIAL WELFARE COUNCIL.

**PUBLISHED BY :**

**ATAM PARGAS PRODUCTIONS**

**ATAM PARGAS SOCIAL WELFARE COUNCIL**

# 99, Preet Vihar, V.P.O. Daad, Pakhowal Road, Ludhiana-142 022

: atampargas@gmail.com

: +91 82880-10531 / 32 / 33

: www.atampargas.org

facebook : https://www.facebook.com/AtamPargasNews

YouTube : https://www.youtube.com/user/atampargas1

In India : Rs. 120/-
In other countries : US $5

© ATAM PARGAS SOCIAL WELFARE COUNCIL

# ***** ਸਮਰਪਣ *****

ਨੰਨ੍ਹੇ-ਨੰਨ੍ਹੇ ਬਾਲਾਂ ਨੂੰ

ਜਿਹੜੇ ਪੰਜਾਬੀ ਸਿੱਖਣ ਦਾ ਅਭਿਆਸ ਕਰਦਿਆਂ-ਕਰਦਿਆਂ

ਆਪਣੇ ਅਮੀਰ ਵਿਰਸੇ ਦੀ ਗੌਰਵਮਈ ਸ਼ਬਦਾਵਲੀ ਅਤੇ

ਸੱਭਿਆਚਾਰ ਨਾਲ ਸਾਂਝ ਬਣਾ ਕੇ

ਸਚਿਆਰ ਮਨੁੱਖ ਵਜੋਂ ਵਿਕਸਿਤ ਹੋਣਗੇ ਅਤੇ

ਆਪਣੇ ਆਲੇ-ਦੁਆਲੇ ਨੂੰ ਵੀ ਮਹਿਕਾਂ ਪ੍ਰਦਾਨ ਕਰਨਗੇ।

****************

© ATAM PARGAS SOCIAL WELFARE COUNCIL

# ਗੁਰਬਾਣੀ ਇਸੁ ਜਗ ਮਹਿ ਚਾਨਣੁ



ਅੱਜ ਦੇ ਪਦਾਰਥਵਾਦੀ ਯੁੱਗ ਵਿਚ ਮਾਇਆ ਦੀ ਦੌੜ ਲੱਗੀ ਹੋਈ ਹੈ। ਕਾਦਰ ਦੀ ਕੁਦਰਤ ਦੇ ਵਿਨਾਸ਼ ਲਈ ਮਨੁੱਖ ਨੇ ਭਿਆਨਕ ਬੰਬ ਤਿਆਰ ਕਰ ਲਏ ਹਨ। ਭਰਾ-ਭਰਾ ਦਾ ਦੁਸ਼ਮਣ ਬਣ ਗਿਆ ਹੈ, ਭੈਣ-ਭਰਾ ਦੇ ਪਿਆਰ ਵਿਚ ਤ੍ਰੇੜਾਂ ਪੈ ਚੁੱਕੀਆਂ ਹਨ ਅਤੇ ਜਾਇਦਾਦ ਦੀ ਖ਼ਾਤਰ ਪੁੱਤ ਵੀ ਪਿਓ ਦਾ ਦੁਸ਼ਮਣ ਬਣ ਰਿਹਾ ਹੈ। ਇਹ ਸਭ ਇਸੇ ਲਈ ਵਾਪਰ ਰਿਹਾ ਹੈ ਕਿਉਂਕਿ ਅਸੀਂ ਧਰਮ ਗ੍ਰੰਥਾਂ ਨੂੰ ਸਿਰਫ਼ ਵਿਖਾਵੇ ਜਾਂ ਫਿਰ ਪੂਜਾ ਦੇ ਮੁਆਵਜ਼ੇ ਵਿਚ ਦੁਨਿਆਵੀ ਪਦਾਰਥਾਂ ਦੀ ਪੂਰਤੀ ਲਈ ਹੀ ਪੜ੍ਹਦੇ ਹਾਂ। ਧਰਮ ਗ੍ਰੰਥ ਤਾਂ ਜੀਵਨ ਜਾਚ ਸਿਖਾਉਂਦੇ ਹਨ ਪਰ ਅਸੀਂ ਸਿਖਿਆਰਥੀ ਬਣਨ ਦੀ ਜਾਚ ਹੀ ਭੁੱਲ ਗਏ ਹਾਂ। ਗੁਰੂ ਨਾਨਕ ਸਾਹਿਬ ਜੀ ਦੇ ਤਾਂ ਮਾਰਗ ਦਾ ਨਾਮ ਹੀ 'ਸਿੱਖ' ਹੈ ਭਾਵ ਇਸ ਮਾਰਗ ਤੇ ਚੱਲਣ ਵਾਲਾ ਹਰ ਪ੍ਰਾਣੀ 'ਸਿਖਿਆਰਥੀ' ਹੈ। ਗੁਰੂ ਜੀ ਦੀ ਸਿੱਖਿਆ ਦੀ ਮਹਾਨਤਾ ਏਨੀ ਹੈ ਕਿ ਇੱਕ ਸਿੱਖਿਆ ਸੁਣ ਲੈਣ ਨਾਲ ਹੀ ਮੱਤ ਰੋਸ਼ਨ ਹੋ ਜਾਂਦੀ ਹੈ ਅਤੇ ਸਮਝ ਲੱਗ ਜਾਂਦੀ ਹੈ ਕਿ ਸਾਰੇ ਜੀਵਾਂ ਦਾ ਦਾਤਾ ਇੱਕ ਪਰਮਾਤਮਾ ਹੀ ਹੈ ਅਤੇ ਸਾਨੂੰ ਉਸ ਪਰਮਾਤਮਾ ਨੂੰ ਕਦੀ ਵੀ ਨਹੀਂ ਭੁਲਾਉਣਾ ਚਾਹੀਦਾ। ਗੁਰ ਫ਼ਰਮਾਨ ਹੈ:

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**
**ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੨)

ਸਰਬੱਤ ਦੇ ਭਲੇ ਲਈ ਗੁਰਬਾਣੀ ਦੇ ਸੁਨੇਹਿਆਂ ਨੂੰ ਲੁਕਾਈ ਤੱਕ ਪਹੁੰਚਾਉਣ ਲਈ ਸਾਰਥਿਕ ਉਪਰਾਲਿਆਂ ਦੀ ਲੋੜ ਹੈ। ਸਤਿਗੁਰੂ ਜੀ ਨੇ ਡਾ. ਵਰਿੰਦਰਪਾਲ ਸਿੰਘ ਜੀ ਤੇ ਬਖ਼ਸ਼ਿਸ਼ ਕਰਕੇ ਵਿਦਿਆਰਥੀਆਂ ਨੂੰ ਸਚਿਆਰ ਮਨੁੱਖ ਬਣਾਉਣ ਦੇ ਉਦੇਸ਼ ਨਾਲ ਸਕੂਲ ਸਿਲੇਬਸ ਵਿਚ ਪੜ੍ਹਾਏ ਜਾਂਦੇ ਵੱਖ-ਵੱਖ ਵਿਸ਼ਿਆਂ ਲਈ ਗੁਰਬਾਣੀ ਤੇ' ਅਧਾਰਿਤ ਨਵੇਕਲ਼ੀਆਂ ਪੁਸਤਕਾਂ ਲਿਖਵਾਉਣ ਦਾ ਕਾਰਜ ਅਰੰਭ ਕਰਵਾਇਆ ਹੈ। ਇਨ੍ਹਾਂ ਪੁਸਤਕਾਂ ਦੀ ਵਿਸ਼ੇਸ਼ਤਾ ਹੈ ਕਿ ਇਹ ਪੁਸਤਕਾਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਦਾ ਅਧਿਐਨ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁੱਲਤਾ ਲਈ ਉਚੇਚੇ ਤੌਰ ਤੇ ਸਹਾਈ ਹੁੰਦੀਆਂ ਹਨ। ਡਾ. ਵਰਿੰਦਰਪਾਲ ਸਿੰਘ ਵੱਲੋਂ 2010 ਵਿਚ **ਜੀਵੀਏ ਗੁਰਬਾਣੀ ਨਾਲ** ਸਿਰਲੇਖ ਹੇਠ ਲਿਖੀਆਂ ਗਈਆਂ ਇੱਕ ਦਰਜਨ ਪੁਸਤਕਾਂ ਨੂੰ ਵਿੱਦਿਅਕ ਅਦਾਰਿਆਂ ਨੇ ਬੇਹੱਦ ਪਸੰਦ ਕੀਤਾ ਹੈ। ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਇੱਕ ਹੋਰ ਹੰਭਲਾ ਮਾਰ ਕੇ ਇੱਕ ਦਰਜਨ ਤੋਂ ਵੀ ਵੱਧ ਹੋਰ ਨਵੀਆਂ ਪੁਸਤਕਾਂ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜ਼ੀ ਵਿਚ ਦੋ ਭਾਗ) ਬਾਲ ਪਾਠਕਾਂ ਦੀ ਸੇਵਾ ਵਿਚ ਭੇਟ ਕੀਤੀਆਂ ਹਨ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਡਾ. ਵਰਿੰਦਰਪਾਲ ਸਿੰਘ ਜੀ ਅਤੇ ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵਧਾਈ ਦੇ ਪਾਤਰ ਹਨ। ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਸ੍ਰੀ ਅੰਮ੍ਰਿਤਸਰ ਆਪਣੇ ਸਕੂਲਾਂ ਦੇ ਸਿਲੇਬਸ ਵਿਚ ਆਤਮ ਪਰਗਾਸ ਪ੍ਰਕਾਸ਼ਨਾਵਾਂ ਨੂੰ ਸ਼ਾਮਲ ਕਰਕੇ ਮਾਣ ਮਹਿਸੂਸ ਕਰਦੀ ਹੈ। ਆਤਮ ਪਰਗਾਸ ਵੱਲੋਂ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਦੇ ਫ਼ਖਰ ਦਾ ਅਹਿਸਾਸ ਕਰਵਾ ਕੇ ਸਚਿਆਰ ਮਨੁੱਖਾਂ ਵਜੋਂ ਵਿਕਸਿਤ ਕਰਨ ਲਈ ਉਲੀਕੇ ਗਏ ਵਿਉਂਤਬੰਦ ਉੱਦਮ ਦੀ ਸਫ਼ਲਤਾ ਲਈ ਸਾਨੂੰ ਸਾਰਿਆਂ ਨੂੰ ਆਪੋ-ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਮੈਂ ਆਸ ਕਰਦੀ ਹਾਂ ਕਿ ਸਮੂਹ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ ਇਨ੍ਹਾਂ ਪੁਸਤਕਾਂ ਨੂੰ ਆਪੋ-ਆਪਣੇ ਸਿਲੇਬਸ ਦਾ ਹਿੱਸਾ ਬਣਾ ਕੇ ਭਰਪੂਰ ਲਾਭ ਪ੍ਰਾਪਤ ਕਰਨਗੇ ਅਤੇ ਇਸ ਮਹੱਤਵਪੂਰਨ ਕਾਰਜ ਨੂੰ ਭੇਟ ਦੇ ਰੂਪ ਵਿਚ ਪ੍ਰਵਾਨ ਕਰਨਗੇ।

**ਡਾ. ਇੰਦਰਜੀਤ ਕੌਰ**
ਸਰਪ੍ਰਸਤ, ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਅਤੇ
ਪ੍ਰਧਾਨ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਸ੍ਰੀ ਅੰਮ੍ਰਿਤਸਰ

© ATAM PARGAS SOCIAL WELFARE COUNCIL

## ਪ੍ਰਕਾਸ਼ਨਾ ਮਨੋਰਥ

# ਗੁਰਮਤਿ ਸੰਗ, ਉਸਾਰੀਏ ਬਚਪਨ



ਅਜੋਕੇ ਸਮੇਂ ਦੀ ਪਦਾਰਥਵਾਦੀ ਭੱਜ-ਦੌੜ ਵਿਚ ਧਰਮ ਨੂੰ ਸੰਸਾਰੀ ਲੋੜਾਂ ਦੀ ਪੂਰਤੀ ਲਈ ਸਿਰਫ਼ ਇੱਕ ਹੱਥ-ਕੰਡੇ ਵਜੋਂ ਹੀ ਵਰਤਿਆ ਜਾ ਰਿਹਾ ਹੈ। ਸਿੱਟੇ ਵਜੋਂ ਅਸੀਂ ਇਤਿਹਾਸ ਨੂੰ ਵੀ ਮਿੱਥਾਂ ਦੇ ਭਰਮਜਾਲ ਵਿਚ ਲਪੇਟ ਰਹੇ ਹਾਂ। ਮਨੁੱਖ ਕੋਲੋਂ ਉਸ ਦੀ ਮਨੁੱਖਤਾ ਖੋਹ ਕੇ ਦਾਨਵੀ ਅਤੇ ਪਸ਼ੂ ਬਿਰਤੀਆਂ ਨਾਲ ਭਰਪੂਰ ਜੀਵਨ ਨੂੰ ਆਦਰਸ਼ ਬਣਾਇਆ ਜਾਣਾ ਭਾਰੂ ਵਰਤਾਰਾ ਹੈ।ਵਿਕਾਸ ਦੇ ਨਾਂ 'ਤੇ ਵਿਨਾਸ਼ ਦਾ ਇਹ ਖੇਲ ਨਸ਼ਿਆਂ, ਦੁਰਵਿਹਾਰ, ਅਨੁਸ਼ਾਸ਼ਨਹੀਣਤਾ ਅਤੇ ਵਿਕ੍ਰਿਤ ਕਾਮ ਰੁਚੀਆਂ ਦੇ ਰੂਪ ਵਿਚ ਨਿਸੰਗ ਜਾਰੀ ਹੈ।ਪੱਛਮੀ ਜੀਵਨ-ਜਾਚ ਲੰਮਾ ਸਮਾਂ ਪੂਰਬ ਵੱਲ ਵੇਖ ਕੇ ਉਤਸ਼ਾਹ ਪ੍ਰਾਪਤ ਕਰਦੀ ਆ ਰਹੀ ਹੈ ਪਰ ਹੁਣ ਉਲਟੀ ਗੰਗਾ ਵਹਿਣੀ ਦੁਖਦਾਈ ਹੈ।

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਇਸ ਹਾਲਾਤ ਦੇ ਮੱਦੇ ਨਜ਼ਰ ਸਮਾਜਿਕ ਵਿਕਾਸ ਦੀ ਸਹੀ ਦਿਸ਼ਾ ਦੀ ਤਲਾਸ਼ ਕਰਨ ਵਾਲੀ ਸੰਸਥਾ ਹੈ। ਅਸੀਂ ਮਨੁੱਖੀ ਆਚਰਨ ਦੀ ਆਦਰਸ਼ ਘਾੜਤ ਘੜਨ ਦਾ ਅਰੰਭ ਬਚਪਨ ਦੀ ਉਸ ਅਵਸਥਾ ਵਿਚ ਕਰਨ ਦੇ ਹਾਮੀ ਹਾਂ, ਜਦੋਂ ਬੱਚਾ ਸੰਸਾਰ ਦੇ ਵਰਤਾਰਿਆਂ ਨੂੰ ਇੱਕ ਜਗਿਆਸੂ ਦੀ ਨੀਝ ਨਾਲ ਵੇਖ ਰਿਹਾ ਹੁੰਦਾ ਹੈ ਅਤੇ ਉਸ ਦੇ ਮਨ ਦੀ ਕੋਰੀ ਸਲੇਟ ਉੱਪਰ ਕੁਝ ਸਦੀਵੀ ਅੱਖਰ ਲਿਖੇ ਜਾਣ ਦਾ ਸਹੀ ਸਮਾਂ ਹੁੰਦਾ ਹੈ। ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਨੇ ਇਸ ਉਮਰ ਦੇ ਬੱਚਿਆਂ ਨੂੰ ਖੇਡ ਪੁਸਤਕਾਂ ਰਾਹੀਂ ਆਪਣੇ ਅਮੀਰ ਵਿਰਸੇ ਅਤੇ ਆਦਰਸ਼ ਆਚਰਨ ਨਾਲ ਜੋੜਨ ਦਾ ਸੁਪਨਾ ਪਾਲਿਆ ਹੋਇਆ ਹੈ।

ਇਸ ਬੁਨਿਆਦੀ ਲੋੜ ਨੂੰ ਪੂਰਿਆਂ ਕਰਨ ਲਈ ਡਾ. ਵਰਿੰਦਰਪਾਲ ਸਿੰਘ ਜੀ ਦੁਆਰਾ ਰਚਿਤ ਇੱਕ ਦਰਜਨ ਖੇਡ ਪੁਸਤਕਾਂ ਦੀ ਸੀਰੀਜ਼ ਨੂੰ ਸਾਲ 2010 ਦੌਰਾਨ **ਜੀਵੀਏ ਗੁਰਬਾਣੀ ਨਾਲ** ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ ਸੀ।ਦੂਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਚਾਰ-ਚਾਰ ਭਾਗਾਂ ਵਿਚ ਪ੍ਰਕਾਸ਼ਿਤ ਕੀਤੀਆਂ **ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ, ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ** ਅਤੇ **ਜੀਵੀਏ ਗੁਰਬਾਣੀ ਨਾਲ-ਚਿੱਤਰ ਮਾਲਾ** ਨੂੰ ਸੈਂਕੜੇ ਵਿੱਦਿਅਕ ਅਦਾਰਿਆਂ ਨੇ ਆਪਣੇ ਪਾਠਕ੍ਰਮ ਵਿਚ ਸ਼ਾਮਲ ਕਰਕੇ ਭਾਰੀ ਉਤਸ਼ਾਹ ਦਿਖਾਇਆ ਹੈ।ਵਿੱਦਿਅਕ ਅਦਾਰਿਆਂ ਵੱਲੋਂ ਵਿਦਿਆਰਥੀਆਂ ਲਈ ਨਵੀਆਂ ਪੁਸਤਕਾਂ ਦੀ ਨਿਰੰਤਰ ਮੰਗ ਨੂੰ ਧਿਆਨ ਵਿਚ ਰੱਖਦਿਆਂ ਡਾ. ਵਰਿੰਦਰਪਾਲ ਸਿੰਘ ਜੀ ਨੇ ਇੱਕ ਹੋਰ ਹੰਭਲਾ ਮਾਰ ਕੇ ਇੱਕ ਦਰਜਨ ਤੋਂ ਵੀ ਵੱਧ ਹੋਰ ਨਵੀਆਂ ਪੁਸਤਕਾਂ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜ਼ੀ ਵਿਚ ਦੋ ਭਾਗ) ਬਾਲ ਪਾਠਕਾਂ ਦੀ ਸੇਵਾ ਵਿਚ ਭੇਟ ਕੀਤੀਆਂ ਹਨ।ਇਨ੍ਹਾਂ ਪੁਸਤਕਾਂ ਦੀ ਸਹਾਇਤਾ ਦੇ ਨਾਲ ਬੱਚੇ ਖੇਡ-ਖੇਡ ਵਿਚ ਹੀ ਨਾ ਸਿਰਫ਼ ਆਪਣੀ ਮਾਂ ਬੋਲੀ, ਸਹੀ ਸ਼ਬਦ ਜੋੜ ਅਤੇ ਗੁਰਬਾਣੀ ਦੀ ਸ਼ਬਦਾਵਲੀ ਤੋਂ ਵਾਕਫ਼ ਹੋ ਜਾਣਗੇ ਸਗੋਂ ਅਮੀਰ ਵਿਰਸੇ ਤੋਂ ਸੇਧ ਲੈ ਕੇ ਚੰਗੇ ਨਾਗਰਿਕ ਬਣਨ ਦੇ ਯੋਗ ਵੀ ਹੋ ਸਕਣਗੇ।

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵੱਲੋਂ ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਦੀ ਖੁਸ਼ੀ ਹਾਸਲ ਕਰਦਿਆਂ ਅਸੀਂ ਵਾਹਿਗੁਰੂ ਜੀ ਦੇ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਸ ਸੇਵਾ ਦਾ ਸੁਭਾਗ ਬਖਸ਼ਿਸ਼ ਕੀਤਾ ਹੈ।ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਮੈਂ ਸਮੂਹ ਆਤਮ ਪਰਗਾਸ ਪਰਿਵਾਰ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਉਤਸ਼ਾਹੀ ਸਹਿਯੋਗ ਅਤੇ ਕੀਮਤੀ ਸੁਝਾਵਾਂ ਨਾਲ ਇਹ ਕਾਰਜ ਸਫ਼ਲਤਾ ਸਹਿਤ ਸੰਪੂਰਨ ਹੋਇਆ ਹੈ। ਆਸ ਕਰਦੇ ਹਾਂ ਕਿ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ, ਆਤਮ ਪਰਗਾਸ ਵੱਲੋਂ ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਪ੍ਰਕਾਸ਼ਿਤ ਕੀਤੀਆਂ ਇਨ੍ਹਾਂ ਪੁਸਤਕਾਂ ਨੂੰ ਆਪੋ-ਆਪਣੇ ਪਾਠਕ੍ਰਮ ਵਿਚ ਸ਼ਾਮਲ ਕਰਕੇ ਵਿਦਿਆਰਥੀਆਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਦੀ ਜ਼ਿੰਮੇਵਾਰੀ ਨਿਭਾਉਣ ਲਈ ਭਰਪੂਰ ਲਾਭ ਪ੍ਰਾਪਤ ਕਰ ਸਕਣਗੇ।

**ਡਾ. ਨਛੱਤਰ ਸਿੰਘ**
ਡਾਇਰੈਕਟਰ, ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ
ਅਤੇ ਸਾਬਕਾ ਵਾਈਸ ਚਾਂਸਲਰ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ

© ATAM PARGAS SOCIAL WELFARE COUNCIL

# ਤਤਕਰਾ


| ਲੜੀ ਨੰ: | ਪਾਠ | ਪੰਨਾ |
|---|---|---|
| 1. | ਕੁੰਜੀ ਅੰਕ | 7 |
| 2. | ਔਂਕੜ | 8-10 |
| 3. | ਅਭਿਆਸ-1 | 11 |
| 4. | ਦੁਲੈਂਕੜ | 12-14 |
| 5. | ਅਭਿਆਸ-2 | 15 |
| 6. | ਲਾਂ | 16-18 |
| 7. | ਅਭਿਆਸ-3 | 19 |
| 8. | ਦੁਲਾਵਾਂ | 20-22 |
| 9. | ਅਭਿਆਸ-4 | 23 |
| 10. | ਹੋੜਾ | 24-26 |
| 11. | ਅਭਿਆਸ-5 | 27 |
| 12. | ਕਨੌੜਾ | 28-30 |
| 13. | ਅਭਿਆਸ-6 | 31 |
| 14. | ਬਿੰਦੀ | 32-33 |
| 15. | ਟਿੱਪੀ | 34-35 |
| 16. | ਅਧਕ | 36-37 |
| 17. | ਅਭਿਆਸ-7 | 38-39 |
| 18. | ਪੈਰੀਂ ਹਾਹਾ | 40-41 |
| 19. | ਪੈਰੀਂ ਰਾਰਾ | 42-43 |
| 20. | ਪੈਰੀਂ ਵੱਵਾ | 44-45 |
| 21. | ਅਭਿਆਸ-8 | 46-47 |
| 22. | ਮੁਹਾਰਨੀ | 48-49 |
| 23. | ਗਿਣਤੀ | 50-51 |
| 24. | ਮੇਰਾ ਸਕੂਲ | 52 |
| 25. | ਜੀਵਾਂ ਦੇ ਰਹਿਣ ਦੇ ਸਥਾਨ | 53 |
| 26. | ਸਮਾਂ, ਸਵੇਰ, ਦੁਪਹਿਰ, ਸ਼ਾਮ ਅਤੇ ਰਾਤ | 54 |
| 27. | ਅਭਿਆਸ-9 | 55 |
| 28. | ਫਲ਼, ਸਬਜ਼ੀਆਂ ਅਤੇ ਰੰਗ | 56 |
| 29. | ਪੰਜਾਬੀ ਬੁਝਾਰਤਾਂ | 57 |
| 30. | ਅਭਿਆਸ-10 | 58 |
| 31. | ਸੱਚਾ ਸੌਦਾ | 59 |
| 32. | ਅਭਿਆਸ-11 | 60 |
| 33. | ਗੁਰੂ ਨਾਨਕ ਜੀ ਅਤੇ ਜਨੇਊ | 61 |
| 34. | ਅਭਿਆਸ-12 | 62 |
| 35. | ਰੱਬ ਤੋਂ ਪਹਿਲਾਂ ਕੌਣ? | 63 |
| 36. | ਅਭਿਆਸ-13 | 64 |
| 37. | ਸੋਨੇ ਦਾ ਕੰਙਣ | 65 |
| 38. | ਅਭਿਆਸ-14 | 66 |
| 39. | ਪੀਰ ਭੀਖਣ ਸ਼ਾਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 67 |
| 40. | ਅਭਿਆਸ-15 | 68 |
| 41. | ਮਾਡਲ ਟੈਸਟ ਪੇਪਰ | 69-71 |
| 42. | ਉਚਾਰਨ ਕੁੰਜੀ | 72 |


© ATAM PARGAS SOCIAL WELFARE COUNCIL

# ਕੁੰਜੀ ਅੰਕ

## ◆Dulaavaan ★ਦੁਲਾਵਾਂ •( ੈ ) ▲दुलावां

| | | |
|---|---|---|
| ✦Sail ⊙(Rock) ❄सैल ⊙(चट्टान) | Bail (Ox) बैल | Nain (Eyes) नैण (नैना) |
| #  |  |  |
| ਸੈ + ਲ = ਸੈਲ❖ | ਬੈ + ਲ = ਬੈਲ | ਨੈ + ਣ = ਨੈਣ |
| Ainak (Spectacles) ऐनक (चश्मा) | Haivar (Horse) हैवर (घोड़ा) | Safaidaa (Eucalyptus) सफ़ैदा |
|  |  |  |
| ਐ + ਨ + ਕ = ਐਨਕ | ਹੈ + ਵ + ਰ = ਹੈਵਰ | ਸ + ਫ਼ੈ + ਦਾ = ਸਫ਼ੈਦਾ |

| | | | | | |
|---|---|---|---|---|---|
| ❖ਰੈਣ | ਸੈਰ | ਵੈਦ | ਪੈਜ | ਅਭੈ | ਸੈਫ਼ |
| ✦(Rainh) | (Sair) | (Vaid) | (Paij) | (Abhai) | (Saif) |
| ❄(रैण) | (सैर) | (वैद) | (पैज) | (अभै) | (सैफ़) |
| ਰੈਣ | ਸੈਰ | ਵੈਦ | ਪੈਜ | ਅਭੈ | ਸੈਫ਼ |
| ⊙(ਰਾਤ) | (Walk) | (ਹਕੀਮ) | (ਇੱਜ਼ਤ) | (ਨਿਡਰ) | (ਕਿਰਪਾਨ) |
| ⊙(Night) | | (Doctor) | (Honour) | (Fearless) | (Sword) |
| ⊙(रात्रि) | | (वैद्य) | (सम्मान) | (निर्भय) | (खड्ग) |

- • *Lag* / *Lag Akhkhar* / alphabet used for making *Sanjugat Akhkhar*.
- ★ Pronunciation of *Lag* / *Lag Akhkhar* / alphabet used for making *Sanjugat Akhkhar*, in Punjabi.
- ◆ Pronunciation of *Lag* / *Lag Akhkhar* / alphabet used for making *Sanjugat Akhkhar*, described in English.
- ▲ Pronunciation of *Lag* / *Lag Akhkhar* / alphabet used for making *Sanjugat Akhkhar*, described in Hindi.
- ❖ Punjabi Word having the specific *Lag* / *Lag Akhkhar* / alphabet used for making *Sanjugat Akhkhar*.
- # Pictorial Presentation of Punjabi Word.
- ✦ Pronunciation of Punjabi word described in English.
- ❄ Pronunciation of Punjabi word described in Hindi.
- ⊙ Meaning of the Punjabi word in respective language.

© ATAM PARGAS SOCIAL WELFARE COUNCIL

# ਔਂਕੜ ( ੁ )



**Gurh** (Jaggery) गुड़



ਗੁ + ੜ = ਗੁੜ

**Ghunh** (Wood worm) घुण (घुन)



ਘੁ + ਣ = ਘੁਣ

**Pul̤** (Bridge) पुल़ (पुल)



ਪੁ + ਲ਼ = ਪੁਲ਼

**Purakh** (Male) पुरख (पुरुष)



ਪੁ + ਰ + ਖ = ਪੁਰਖ

**Gulaab** (Rose) गुलाब



ਗੁ + ਲਾ + ਬ = ਗੁਲਾਬ

**Bulbul** (Nightingale) बुलबुल



ਬੁ+ਲ+ਬੁ+ਲ = ਬੁਲਬੁਲ

| ਭੁਜ | ਸੁਰ | ਗੁਟ | ਗੁਣ | ਧੁਨ | ਚੁਣ |
|---|---|---|---|---|---|
| (Bhuj) | (Sur) | (Gut̤) | (Gunh) | (Dhun) | (Chunh) |
| (भुज) | (सुर) | (गुट) | (गुण) | (धुन) | (चुण) |

ਭੁਜ ਸੁਰ ਗੁਟ ਗੁਣ ਧੁਨ ਚੁਣ
ਭੁਜ ਸੁਰ ਗੁਟ ਗੁਣ ਧੁਨ ਚੁਣ

| ਭੁਜ | ਸੁਰ | ਗੁਟ | ਗੁਣ | ਧੁਨ | ਚੁਣ |
|---|---|---|---|---|---|
| (ਬਾਂਹ) | (ਦੇਵਤਾ) | (ਟੋਲਾ) | (Virtue) | (ਤਰਜ਼) | (Choose) |
| (Arm) | (Demigod) | (Group) | | (Tune) | (चुनाव) |
| (भुजा) | (देवता) | (समूह) | | (लय) | |

© ATAM PARGAS SOCIAL WELFARE COUNCIL

ਉਪਜ ਅਉਧ ਹੁਨਰ ਸੁਰਤ ਹੁਸਨ

| ਉਪਜ | ਅਉਧ | ਹੁਨਰ | ਸੁਰਤ | ਹੁਸਨ |
|---|---|---|---|---|
| (Upaj) | (Audh) | (Hunar) | (Sruat) | (Husan) |
| (उपज) | (अउध) | (हुनर) | (सुरत) | (हुसन) |
| (ਝਾੜ) | (ਉਮਰ) | (ਕਲਾ) | (ਹੋਸ਼) | (ਖ਼ੂਬਸੂਰਤੀ) |
| (Produce) | (Age) | (Art) | (Consciousness) | (Beauty) |
| (उत्पादन) | (आयु) | (कला) | (होश) | (सौंदर्य) |

| ਹੁਰਮਤ | ਕਲਜੁਗ | ਅਉਖਧ | ਉਤਭੁਜ |
|---|---|---|---|
| (Hurmat) | (Kaljug) | (Aukhadh) | (Utbhuj) |
| (हुरमत) | (कलयुग) | (अउखध) | (उतभुज) |
| (ਆਦਰ) | (Age of ignorance) | (ਦਵਾਈ) | (ਧਰਤੀ ਤੋਂ ਪੈਦਾ ਹੋਣਾ, ਉਦਾਹਰਨ: ਪੌਦੇ) |
| (Honour) | | (Medicine) | (born from earth e.g. plants) |
| (सम्मान) | | (दवा) | |

© ATAM PARGAS SOCIAL WELFARE COUNCIL

## ਔਂਕੜ ( ੁ ) ਮੁਹਾਰਨੀ

| | | | | | | | | | | |
|---|---|---|---|---|---|---|---|---|---|---|
| ਉ | ਸੁ | ਹੁ | ਕੁ | ਖੁ | ਗੁ | ਘੁ | ਙੁ | ਚੁ | ਛੁ | ਜੁ |
| ਝੁ | ਞੁ | ਟੁ | ਠੁ | ਡੁ | ਢੁ | ਣੁ | ਤੁ | ਥੁ | ਦੁ | ਧੁ |
| ਨੁ | ਪੁ | ਫੁ | ਬੁ | ਭੁ | ਮੁ | ਯੁ | ਰੁ | ਲੁ | ਵੁ | ੜੁ |

## ਦੋ ਅੱਖਰੀ ਸ਼ਬਦ

| | | | | | | | | |
|---|---|---|---|---|---|---|---|---|
| ਗੁਰ | ਸੁਤ | ਸੁਧ | ਬੁਧ | ਤੁਧ | ਹੁਣ | ਸੁਣ | ਰੁਣ | ਝੁਣ |
| ਧੁਰ | ਜੁਗ | ਉਪ | ਤੁਲ | ਦੁਖ | ਸੁਖ | ਉਸ | ਧੁਨ | ਮੁੜ |
| ਤੁਰ | ਕੁਝ | ਖੁਰ | ਖੁਭ | ਸ਼ੁਭ | ਖੁਸ਼ | ਖ਼ੁਦ | ਰੁਲ਼ | ਭਉ |

## ਤਿੰਨ ਅੱਖਰੀ ਸ਼ਬਦ

| | | | | | | |
|---|---|---|---|---|---|---|
| ਸੁਘੜ | ਹੁਕਮ | ਮੁਕਤ | ਉਮਰ | ਜੁਰਮ | ਜੁਗਤ | ਮੁਗਧ |
| ਗੁਪਤ | ਸੁਹਜ | ਮੁਲਕ | ਤੁਰਕ | ਭੁਗਤ | ਕੁਤਰ | ਸੁਸਤ |
| ਚੁਸਤ | ਗੁਜ਼ਰ | ਜ਼ੁਲਮ | ਦੁਸ਼ਟ | ਮੁਫ਼ਤ | ਪੁਸ਼ਤ | ਖੁਸ਼ਕ |

## ਚਾਰ / ਪੰਜ ਅੱਖਰੀ ਸ਼ਬਦ

| | | | | | |
|---|---|---|---|---|---|
| ਕੁਦਰਤ | ਦੁਰਲਭ | ਗੁਰਮਤ | ਝੁਰਮਟ | ਉਸਤਤ | ਸੁਅਸਥ |
| ਸੁਰਜਨ | ਦੁਰਜਨ | ਅਉਸਰ | ਅਨੁਭਵ | ਮਨਮੁਖ | ਸਨਮੁਖ |
| ਸਰਗੁਣ | ਉਤਸੁਕ | ਗੁਰਮੁਖ | ਮੁਕਤਸਰ | ਗੁਰਪੁਰਬ | ਗੁਰਦੁਆਰਾ |

## ਵਾਕ ਪੜ੍ਹੋ

ਸੁਖਮਨ ਸੁਆਸ-ਸੁਆਸ ਨਾਮ ਜਪ। ਦੁਖ-ਸੁਖ ਸਮ ਕਰ ਜਾਣ। ਜੀਵਨ ਦਾ ਦੁਰਲਭ ਅਉਸਰ ਸਫ਼ਲ ਕਰ। ਗੁਰਮਨ ਕੁਦਰਤ ਦਾ ਅਨੁਭਵ ਕਰ। ਗੁਰਦੁਆਰਾ ਮੁਕਤਸਰ ਸਾਹਿਬ ਚਲ ਕਰ ਉਸਤਤ ਕਰ। ਗੁਰਮੁਖ ਦੀ ਅਉਧ ਸੁਅਸਥ ਗੁਜ਼ਰ ਗਈ।



© ATAM PARGAS SOCIAL WELFARE COUNCIL

# ਅਭਿਆਸ-1

## 1. ਸਾਹਮਣੇ ਦਿੱਤੀ ਬਰੈਕਟ ਵਿਚੋਂ ਠੀਕ ਉੱਤਰ ਚੁਣ ਕੇ ਖਾਲੀ ਸਥਾਨ ਭਰੋ:

'ਔਂਕੜ' ਦਾ ਚਿੰਨ੍ਹ ਅੱਖਰ ਦੇ ________ ਲਗਦਾ ਹੈ। (ਉੱਪਰ / ਥੱਲੇ / ਸੱਜੇ / ਖੱਬੇ)

## 2. ਹੇਠਾਂ ਦਿੱਤੇ ਸ਼ਬਦਾਂ ਵਿਚੋਂ ਠੀਕ ਸ਼ਬਦ ਚੁਣ ਕੇ (✓) ਲਗਾਓ:

ੳ) ਖਦ ☐ ਖੁਦ ☐ ੲ) ਅੳਧ ☐ ਅੁੳਧ ☐ ਹ) ੳਸੁਤਤ ☐ ਉਸਤਤ ☐

ਅ) ਸੁਖ ☐ ਸਖ ☐ ਸ) ੳਪੁਜ ☐ ਉਪਜ ☐ ਕ) ਦੁਰਲਭ ☐ ਦਰੁਲਭ ☐

## 3. ਹੇਠਾਂ ਦਿੱਤੇ ਅੱਖਰਾਂ ਨੂੰ 'ਔਂਕੜ' ਲਗਾ ਕੇ ਠੀਕ ਸ਼ਬਦ ਬਣਾਓ:

ੳ) ਚ ਣ ________

ਅ) ਗ ਟ ________

ੲ) ਤ ਰ ________

ਸ) ਰ ਣ ________

ਹ) ਜ ਗ ________

ਕ) ਹ ਨ ਰ ________

ਖ) ਗ ਪ ਤ ________

ਗ) ਸ ਰ ਤ ________

ਘ) ਮ ਗ ਧ ________

ਙ) ਮ ਕ ਤ ________

ਚ) ੳ ਤ ਭ ਜ ________

ਛ) ਅ ਨ ਭ ਵ ________

ਜ) ਕ ਦ ਰ ਤ ________

ਝ) ਸ ਰ ਗ ਣ ________

ਞ) ਗ ਰ ਪ ਰ ਬ ________

## 4. ਹੇਠਾਂ ਦਿੱਤੀਆਂ ਤਸਵੀਰਾਂ ਨੂੰ ਪਹਿਚਾਣ ਕੇ ਨਾਮ ਲਿਖੋ:

ੳ)  ________

ਅ)  ________

ੲ)  ________

ਸ)  ________

ਹ)  ________

## 5. ਵਾਕ ਪੂਰੇ ਕਰੋ:

ੳ) ਸੁਖਮਨ ________ ਨਾਮ ਜਪ।

ਅ) ਗੁਰਮਨ ਕੁਦਰਤ ਦਾ ________ ਕਰ।

ੲ) ________ ਸਮ ਕਰ ਜਾਣ।

ਸ) ਜੀਵਨ ਦਾ ________ ਸਫ਼ਲ ਕਰ।

ਹ) ਗੁਰਮੁਖ ਦੀ ________ ਗੁਜ਼ਰ ਗਈ।

© ATAM PARGAS SOCIAL WELFARE COUNCIL

# ਮੁਹਾਰਨੀ

| | | | | | | | | | | | |
|---|---|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ |
| ਙ | ਙਾ | ਙਿ | ਙੀ | ਙੁ | ਙੂ | ਙੇ | ਙੈ | ਙੋ | ਙੌ | ਙੰ | ਙਾਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ |
| ਞ | ਞਾ | ਞਿ | ਞੀ | ਞੁ | ਞੂ | ਞੇ | ਞੈ | ਞੋ | ਞੌ | ਞੰ | ਞਾਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ |
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ |

© ATAM PARGAS SOCIAL WELFARE COUNCIL

| | | | | | | | | | | | |
|---|---|---|---|---|---|---|---|---|---|---|---|
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ |

© ATAM PARGAS SOCIAL WELFARE COUNCIL

# ਗਿਣਤੀ

| | | | | |
|---|---|---|---|---|
| ੧ ਇੱਕ<br>1 One | ੧੧ ਗਿਆਰਾਂ<br>11 Eleven | ੨੧ ਇੱਕੀ<br>21 Twenty One | ੩੧ ਇਕੱਤੀ<br>31 Thirty One | ੪੧ ਇਕਤਾਲ਼ੀ<br>41 Forty One |
| ੨ ਦੋ<br>2 Two | ੧੨ ਬਾਰਾਂ<br>12 Twelve | ੨੨ ਬਾਈ<br>22 Twenty Two | ੩੨ ਬੱਤੀ<br>32 Thirty Two | ੪੨ ਬਤਾਲ਼ੀ<br>42 Forty Two |
| ੩ ਤਿੰਨ<br>3 Three | ੧੩ ਤੇਰਾਂ<br>13 Thirteen | ੨੩ ਤੇਈ<br>23 Twenty Three | ੩੩ ਤੇਤੀ<br>33 Thirty Three | ੪੩ ਤਰਤਾਲ਼ੀ<br>43 Forty Three |
| ੪ ਚਾਰ<br>4 Four | ੧੪ ਚੌਦਾਂ<br>14 Forteen | ੨੪ ਚੌਵੀ<br>24 Twenty Four | ੩੪ ਚੌਂਤੀ<br>34 Thirty Four | ੪੪ ਚੁਤਾਲ਼ੀ<br>44 Forty Four |
| ੫ ਪੰਜ<br>5 Five | ੧੫ ਪੰਦਰਾਂ<br>15 Fifteen | ੨੫ ਪੱਚੀ<br>25 Twenty Five | ੩੫ ਪੈਂਤੀ<br>35 Thirty Five | ੪੫ ਪੰਜਤਾਲ਼ੀ<br>45 Forty Five |
| ੬ ਛੇ<br>6 Six | ੧੬ ਸੋਲ਼ਾਂ<br>16 Sixteen | ੨੬ ਛੱਬੀ<br>26 Twenty Six | ੩੬ ਛੱਤੀ<br>36 Thirty Six | ੪੬ ਛਿਆਲ਼ੀ<br>46 Forty Six |
| ੭ ਸੱਤ<br>7 Seven | ੧੭ ਸਤਾਰਾਂ<br>17 Seventeen | ੨੭ ਸਤਾਈ<br>27 Twenty Seven | ੩੭ ਸੈਂਤੀ<br>37 Thirty Seven | ੪੭ ਸੰਤਾਲ਼ੀ<br>47 Forty Seven |
| ੮ ਅੱਠ<br>8 Eight | ੧੮ ਅਠਾਰਾਂ<br>18 Eighteen | ੨੮ ਅਠਾਈ<br>28 Twenty Eight | ੩੮ ਅਠੱਤੀ<br>38 Thirty Eight | ੪੮ ਅਠਤਾਲ਼ੀ<br>48 Forty Eight |
| ੯ ਨੌਂ<br>9 Nine | ੧੯ ਉੱਨੀ<br>19 Nineteen | ੨੯ ਉਣੱਤੀ<br>29 Twenty Nine | ੩੯ ਉਣਤਾਲ਼ੀ<br>39 Thirty Nine | ੪੯ ਉਣੰਜਾ<br>49 Forty Nine |
| ੧੦ ਦਸ<br>10 Ten | ੨੦ ਵੀਹ<br>20 Twenty | ੩੦ ਤੀਹ<br>30 Thirty | ੪੦ ਚਾਲ਼ੀ<br>40 Forty | ੫੦ ਪੰਜਾਹ<br>50 Fifty |

© ATAM PARGAS SOCIAL WELFARE COUNCIL

| | | | | |
|---|---|---|---|---|
| ੫੧ ਇਕਵੰਜਾ<br>51 Fifty One | ੬੧ ਇਕਾਹਠ<br>61 Sixty One | ੭੧ ਇਕੱਤਰ<br>71 Seventy One | ੮੧ ਇਕਾਸੀ<br>81 Eighty One | ੯੧ ਇਕਾਨਵੇਂ<br>91 Ninety One |
| ੫੨ ਬਵੰਜਾ<br>52 Fifty Two | ੬੨ ਬਾਹਠ<br>62 Sixty Two | ੭੨ ਬਹੱਤਰ<br>72 Seventy Two | ੮੨ ਬਿਆਸੀ<br>82 Eighty Two | ੯੨ ਬਾਨਵੇਂ<br>92 Ninety Two |
| ੫੩ ਤਰਵੰਜਾ<br>53 Fifty Three | ੬੩ ਤ੍ਰੇਹਠ<br>63 Sixty Three | ੭੩ ਤਿਹੱਤਰ<br>73 Seventy Three | ੮੩ ਤਰਾਸੀ<br>83 Eighty Three | ੯੩ ਤਰਾਨਵੇਂ<br>93 Ninety Three |
| ੫੪ ਚੁਰੰਜਾ<br>54 Fifty Four | ੬੪ ਚੌਂਹਠ<br>64 Sixty Four | ੭੪ ਚੁਹੱਤਰ<br>74 Seventy Four | ੮੪ ਚੁਰਾਸੀ<br>84 Eighty Four | ੯੪ ਚੁਰਾਨਵੇਂ<br>94 Ninety Four |
| ੫੫ ਪਚਵੰਜਾ<br>55 Fifty Five | ੬੫ ਪੈਂਹਠ<br>65 Sixty Five | ੭੫ ਪੰਝੱਤਰ<br>75 Seventy Five | ੮੫ ਪਚਾਸੀ<br>85 Eighty Five | ੯੫ ਪਚਾਨਵੇਂ<br>95 Ninety Five |
| ੫੬ ਛਪੰਜਾ<br>56 Fifty Six | ੬੬ ਛਿਆਹਠ<br>66 Sixty Six | ੭੬ ਛਿਹੱਤਰ<br>76 Seventy Six | ੮੬ ਛਿਆਸੀ<br>86 Eighty Six | ੯੬ ਛਿਆਨਵੇਂ<br>96 Ninety Six |
| ੫੭ ਸਤਵੰਜਾ<br>57 Fifty Seven | ੬੭ ਸਤਾਹਠ<br>67 Sixty Seven | ੭੭ ਸਤੱਤਰ<br>77 Seventy Seven | ੮੭ ਸਤਾਸੀ<br>87 Eighty Seven | ੯੭ ਸਤਾਨਵੇਂ<br>97 Ninety Seven |
| ੫੮ ਅਠਵੰਜਾ<br>58 Fifty Eight | ੬੮ ਅਠਾਹਠ<br>68 Sixty Eight | ੭੮ ਅਠੱਤਰ<br>78 Seventy Eight | ੮੮ ਅਠਾਸੀ<br>88 Eighty Eight | ੯੮ ਅਠਾਨਵੇਂ<br>98 Ninety Eight |
| ੫੯ ਉਣਾਹਠ<br>59 Fifty Nine | ੬੯ ਉਨੱਤਰ<br>69 Sixty Nine | ੭੯ ਉਣਾਸੀ<br>79 Seventy Nine | ੮੯ ਉਣਾਨਵੇਂ<br>89 Eighty Nine | ੯੯ ਨੜ੍ਹਿੰਨਵੇਂ<br>99 Ninety Nine |
| ੬੦ ਸੱਠ<br>60 Sixty | ੭੦ ਸੱਤਰ<br>70 Seventy | ੮੦ ਅੱਸੀ<br>80 Eighty | ੯੦ ਨੱਬੇ<br>90 Ninety | ੧੦੦ ਸੌ<br>100 Hundred |

© ATAM PARGAS SOCIAL WELFARE COUNCIL

# ਪੰਜਾਬੀ ਬੁਝਾਰਤਾਂ

ੳ) ਮਾਂ ਜੰਮੀ ਨਹੀਂ ਪੁੱਤ ਕੋਠੇ ਟੱਪੇ — ਅੱਗ ਤੇ ਧੂੰਆਂ

ਅ) ਨਿੱਕਾ ਜਿਹਾ ਕਾਕਾ ਘਰ ਦਾ ਰਾਖਾ — ਤਾਲਾ

ੲ) ਲਾਲ ਗਊ ਲੱਕੜੀ ਖਾਵੇ ਪਾਣੀ ਪੀਵੇ ਤੇ ਮਰ ਜਾਵੇ — ਅੱਗ

ਸ) ਪੈਰਾਂ ਨਾਲ ਭਜਾਈ ਜਾ ਸਿੰਗਾਂ ਨੂੰ ਹੱਥ ਪਾਈ ਜਾ — ਸਾਈਕਲ

ਹ) ਇੱਕ ਥਾਲ ਮੋਤੀਆਂ ਭਰਿਆ<br>ਸਭ ਦੇ ਸਿਰ ਉੱਤੇ ਉਲਟਾ ਧਰਿਆ — ਅਸਮਾਨ ਅਤੇ ਤਾਰੇ

ਕ) ਇੱਕ ਡੱਬੀ ਵਿਚ ਬੱਤੀ ਦਾਣੇ<br>ਬੁੱਝਣ ਵਾਲੇ ਬੜੇ ਸਿਆਣੇ — ਦੰਦ

ਖ) ਨਿੱਕੇ - ਨਿੱਕੇ ਮੇਮਣੇ ਸੰਦੂਕ ਚੁੱਕੀ ਜਾਂਦੇ ਨੇ<br>ਰਾਜਾ ਪੁੱਛੇ ਰਾਣੀ ਨੂੰ ਇਹ ਕੀ ਜਨੌਰ ਜਾਂਦੇ ਨੇ — ਰੇਲ ਗੱਡੀ ਦੇ ਡੱਬੇ

ਗ) ਬਾਤ ਪਾਵਾਂ ਬਤੋਲੀ ਪਾਵਾਂ ਬਾਤ ਨੂੰ ਲਾਵਾਂ ਆਰੀਆਂ<br>ਇੱਕ ਚੀਜ਼ ਮੈਂ ਐਸੀ ਦੇਖੀ ਗੱਲਾਂ ਕਰੇ ਨਿਆਰੀਆਂ — ਰੇਡੀਓ

ੳ


ਅ


ੲ


ਸ


ਹ


ਕ


ਖ


ਗ


© UTTAM PARGAS SOCIAL WELFARE COUNCIL

# ਪੀਰ ਭੀਖਣ ਸ਼ਾਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਪੀਰ ਭੀਖਣ ਸ਼ਾਹ ਜੀ, ਇੱਕ ਮੁਸਲਮਾਨ ਸੰਤ ਹੋਏ ਹਨ। ਉਹ ਹਮੇਸ਼ਾਂ ਅੱਲਾ ਦੇ ਪਿਆਰ ਵਿਚ ਜੁੜੇ ਰਹਿੰਦੇ ਸਨ। ਉਹ ਕੁਰੂਕਸ਼ੇਤਰ (ਹਰਿਆਣਾ) ਦੇ ਨਿਵਾਸੀ ਸਨ। ਜਦੋਂ 1666 ਈਸਵੀ ਨੂੰ ਪਟਨਾ ਸਾਹਿਬ ਵਿਖੇ ਬਾਲ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦਾ ਜਨਮ ਹੋਇਆ ਤਾਂ ਉਨ੍ਹਾਂ ਨੂੰ ਇਹ ਅਨੁਭਵ ਹੋ ਗਿਆ ਕਿ ਪੂਰਬ ਦਿਸ਼ਾ ਵੱਲ ਕਿਸੇ ਮਹਾਂਪੁਰਖ ਨੇ ਜਨਮ ਲਿਆ ਹੈ। ਉਸ ਦਿਨ ਉਨ੍ਹਾਂ ਨੇ ਨਮਾਜ਼ ਪੜ੍ਹ ਕੇ ਕਾਅਬੇ (ਪੱਛਮ ਦਿਸ਼ਾ) ਤੋਂ ਉਲਟ ਪੂਰਬ ਦਿਸ਼ਾ ਵੱਲ ਸਿਜਦਾ ਕੀਤਾ। ਜਦੋਂ ਉਨ੍ਹਾਂ ਦੇ ਚੇਲਿਆਂ ਨੇ ਪੀਰ ਜੀ ਨੂੰ ਪੂਰਬ ਵੱਲ ਸਿਜਦਾ ਕਰਦੇ ਵੇਖਿਆ ਤਾਂ ਉਹ ਹੈਰਾਨ ਹੋ ਗਏ ਅਤੇ ਭੀਖਣ ਸ਼ਾਹ ਜੀ ਕੋਲੋਂ ਕਾਰਨ ਪੁੱਛਣ ਲੱਗੇ। ਪੀਰ ਜੀ ਨੇ ਜਵਾਬ ਦਿੱਤਾ ਕਿ ਅੱਜ ਅੱਲਾ ਦੇ ਨੂਰ ਨੇ ਪੂਰਬ ਦਿਸ਼ਾ ਵਿਚ ਪਟਨਾ ਸਾਹਿਬ ਵਿਖੇ ਜਨਮ ਲਿਆ ਹੈ। ਪੀਰ ਜੀ ਦੇ ਮਨ ਵਿਚ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਇੱਛਾ ਹੋਈ ਤੇ ਉਨ੍ਹਾਂ ਨੇ ਪਟਨਾ ਸਹਿਬ ਨੂੰ ਚਾਲੇ ਪਾ ਦਿੱਤੇ। ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਲੰਮਾ ਸਫ਼ਰ ਕਰਕੇ ਕੋਈ ਤਿੰਨ ਮਹੀਨਿਆਂ ਬਾਅਦ ਪੀਰ ਜੀ ਪਟਨਾ ਸਾਹਿਬ ਪਹੁੰਚ ਗਏ।

ਗੁਰੂ ਜੀ ਦੇ ਦਰਸ਼ਨਾਂ ਸਮੇਂ ਭੇਟ ਕਰਨ ਲਈ ਪੀਰ ਜੀ ਨੇ ਮਠਿਆਈ ਨਾਲ ਭਰੇ ਮਿੱਟੀ ਦੇ ਦੋ ਕੁੱਜੇ ਨਾਲ ਲੈ ਲਏ। ਉਨ੍ਹਾਂ ਨੇ ਇੱਕ ਕੁੱਜਾ ਹਿੰਦੂ ਦੁਕਾਨਦਾਰ ਤੋਂ ਅਤੇ ਦੂਸਰਾ ਕੁੱਜਾ ਮੁਸਲਮਾਨ ਦੁਕਾਨਦਾਰ ਤੋਂ ਖ਼ਰੀਦਿਆ, ਉਨ੍ਹਾਂ ਦੀ ਭਾਵਨਾ ਇਹ ਜਾਣਨ ਦੀ ਸੀ ਕਿ ਗੁਰੂ ਜੀ ਹਿੰਦੂ ਜਾਂ ਮੁਸਲਮਾਨਾਂ ਵਿਚੋਂ ਕਿਸ ਦੀ ਹਮਾਇਤ ਕਰਨਗੇ। ਜਦੋਂ ਬਾਲ ਗੋਬਿੰਦ ਰਾਏ ਜੀ ਨੇ ਦੋਵੇਂ ਕੁੱਜਿਆਂ ਤੇ ਹੱਥ ਰੱਖ ਦਿੱਤਾ ਤਾਂ ਪੀਰ ਜੀ ਦੀ ਖੁਸ਼ੀ ਦੀ ਹੱਦ ਨਾ ਰਹੀ। ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਗੁਰੂ ਜੀ ਇਸ ਸੰਸਾਰ ਵਿਚ ਸਮੁੱਚੀ ਮਾਨਵਤਾ ਦੇ ਭਲੇ ਵਾਸਤੇ ਆਏ ਹਨ। ਪੀਰ ਭੀਖਣ ਸ਼ਾਹ ਜੀ ਗੁਰੂ ਜੀ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਸਿਜਦਾ ਕਰਕੇ ਆਪਣੇ ਘਰ ਵਾਪਸ ਚਲੇ ਗਏ।

**ਸਿੱਖਿਆ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭਨਾਂ ਦੇ ਸਾਂਝੇ ਗੁਰੂ ਸਨ।

© ATAM PARGAS SOCIAL WELFARE COUNCIL

# ਅਭਿਆਸ-15

## ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

1) ਪੀਰ ਭੀਖਣ ਸ਼ਾਹ ਜੀ ਕੌਣ ਸਨ?

2) ਪੀਰ ਭੀਖਣ ਸ਼ਾਹ ਕਿੱਥੋਂ ਦੇ ਨਿਵਾਸੀ ਸਨ?

3) ਬਾਲ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

4) ਮੁਸਲਮਾਨ ਨਮਾਜ਼ ਪੜ੍ਹ ਕੇ ਪੱਛਮ ਦਿਸ਼ਾ ਵੱਲ ਸਿਜਦਾ ਕਿਉਂ ਕਰਦੇ ਹਨ?

5) ਪੀਰ ਜੀ ਨੇ ਨਮਾਜ਼ ਪੜ੍ਹ ਕੇ ਪੂਰਬ ਦਿਸ਼ਾ ਵੱਲ ਸਿਜਦਾ ਕਿਉਂ ਕੀਤਾ?

6) ਪੀਰ ਜੀ ਨੇ ਗੁਰੂ ਜੀ ਨੂੰ ਭੇਟ ਕਰਨ ਲਈ ਕੀ ਖਰੀਦਿਆ?

7) ਪੀਰ ਜੀ ਨੇ ਇੱਕ ਕੁੱਜਾ ਮੁਸਲਮਾਨ ਅਤੇ ਦੂਸਰਾ ਕੁੱਜਾ ਹਿੰਦੂ ਦੁਕਾਨਦਾਰ ਤੋਂ ਕਿਉਂ ਖਰੀਦਿਆ?

8) ਗੁਰੂ ਜੀ ਨੇ ਕਿਸ ਕੁੱਜੇ ਨੂੰ ਪਸੰਦ ਕੀਤਾ?

9) ਪੀਰ ਜੀ ਨੂੰ ਕੀ ਵਿਸ਼ਵਾਸ ਹੋ ਗਿਆ?

10) ਇਸ ਪਾਠ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

© ATAM PARGAS SOCIAL WELFARE COUNCIL

# ਆਤਮ ਪਰਗਾਸ ਪੁਸਤਕ ਸੀਰੀਜ਼ ਨੂੰ ਸਕੂਲ ਸਿਲੇਬਸ ਵਿਚ ਵਰਤਣ ਦੀ ਵਿਧੀ

| ਸ਼੍ਰੇਣੀ | ਪੁਸਤਕਾਂ | ਵਿਸ਼ਾ |
|---|---|---|
| ਨਰਸਰੀ | ਗੁਰਮੁਖੀ ਅੱਖਰ ਗਿਆਨ / ਗੁਰਮੁਖੀ ਅੱਖਰ ਕਾਰਡ (ਭਾਗ ਪਹਿਲਾ ਅਤੇ ਦੂਜਾ) | ਪੰਜਾਬੀ |
| ਐੱਲ.ਕੇ.ਜੀ. | ਗੁਰਮੁਖੀ ਅੱਖਰ ਅਭਿਆਸ | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਪਹਿਲਾ) | ਪੰਜਾਬੀ |
| ਯੂ.ਕੇ.ਜੀ. | ਪੰਜਾਬੀ ਅਭਿਆਸ ਪੁਸਤਕ (ਭਾਗ ਦੂਜਾ) | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਤੀਜਾ) | ਪੰਜਾਬੀ |
| | Atam Pargas Art Book (Part 1) | ਡਰਾਇੰਗ |
| ਪਹਿਲੀ | ਪੰਜਾਬੀ ਅਭਿਆਸ ਪੁਸਤਕ (ਭਾਗ ਚੌਥਾ) | ਪੰਜਾਬੀ |
| | Atam Pargas Art Book (Part 2) | ਡਰਾਇੰਗ |
| | Atam Pargas Scrap Book (Part 1) | ਆਰਟਸ / ਸੋਸ਼ਲ ਸਾਇੰਸ |
| ਦੂਜੀ | Atam Pargas Scrap Book (Part 2) | ਆਰਟਸ / ਸੋਸ਼ਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ – ਸੁਲੇਖ ਮਾਲਾ (ਭਾਗ ਪਹਿਲਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ – ਰੰਗ ਮਾਲਾ (ਭਾਗ ਪਹਿਲਾ) | ਡਰਾਇੰਗ |
| ਤੀਜੀ | ਜੀਵੀਏ ਗੁਰਬਾਣੀ ਨਾਲ – ਸੁਲੇਖ ਮਾਲਾ (ਭਾਗ ਦੂਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ – ਰੰਗ ਮਾਲਾ (ਭਾਗ ਦੂਜਾ) | ਡਰਾਇੰਗ |
| ਚੌਥੀ | ਜੀਵੀਏ ਗੁਰਬਾਣੀ ਨਾਲ – ਸੁਲੇਖ ਮਾਲਾ (ਭਾਗ ਤੀਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ – ਰੰਗ ਮਾਲਾ (ਭਾਗ ਤੀਜਾ) | ਡਰਾਇੰਗ |
| ਪੰਜਵੀਂ | ਜੀਵੀਏ ਗੁਰਬਾਣੀ ਨਾਲ – ਸੁਲੇਖ ਮਾਲਾ (ਭਾਗ ਚੌਥਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ – ਰੰਗ ਮਾਲਾ (ਭਾਗ ਚੌਥਾ) | ਡਰਾਇੰਗ |
| ਛੇਵੀਂ | ਜੀਵੀਏ ਗੁਰਬਾਣੀ ਨਾਲ – ਚਿੱਤਰ ਮਾਲਾ (ਭਾਗ ਪਹਿਲਾ) | ਆਰਟਸ / ਮੌਰਲ ਸਾਇੰਸ |
| | Sikh History Cards (Part 1) / ਸਿੱਖ ਇਤਿਹਾਸ ਕਾਰਡ (ਭਾਗ ਪਹਿਲਾ) | ਮੌਰਲ ਸਾਇੰਸ |
| ਸੱਤਵੀਂ | ਜੀਵੀਏ ਗੁਰਬਾਣੀ ਨਾਲ – ਚਿੱਤਰ ਮਾਲਾ (ਭਾਗ ਦੂਜਾ) | ਆਰਟਸ / ਮੌਰਲ ਸਾਇੰਸ |
| | Sikh History Cards (Part 2) / ਸਿੱਖ ਇਤਿਹਾਸ ਕਾਰਡ (ਭਾਗ ਦੂਜਾ) | ਮੌਰਲ ਸਾਇੰਸ |
| ਅੱਠਵੀਂ | ਜੀਵੀਏ ਗੁਰਬਾਣੀ ਨਾਲ – ਚਿੱਤਰ ਮਾਲਾ (ਭਾਗ ਤੀਜਾ) | ਆਰਟਸ / ਮੌਰਲ ਸਾਇੰਸ |
| ਨੌਵੀਂ | ਜੀਵੀਏ ਗੁਰਬਾਣੀ ਨਾਲ – ਚਿੱਤਰ ਮਾਲਾ (ਭਾਗ ਚੌਥਾ) | ਆਰਟਸ / ਮੌਰਲ ਸਾਇੰਸ |

**ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀਆਂ ਚਾਹਵਾਨ ਵਿੱਦਿਅਕ ਸੰਸਥਾਵਾਂ ਇਨ੍ਹਾਂ ਪੁਸਤਕਾਂ ਨੂੰ ਸਕੂਲ ਸਿਲੇਬਸ ਵਿਚ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁੱਲਤ ਕਰਨ ਦੀ ਜ਼ਿੰਮੇਵਾਰੀ ਨਿਭਾ ਸਕਦੀਆਂ ਹਨ।**

© ATAM PARGAS SOCIAL WELFARE COUNCIL

ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਸਿਲੇਬਸ ਲਈ ਇੱਕ ਸੁਗਾਤ

# ਆਤਮ ਪਰਗਾਸ ਪੁਸਤਕ ਸੀਰੀਜ਼




ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀਆਂ ਚਾਹਵਾਨ ਵਿੱਦਿਅਕ ਸੰਸਥਾਵਾਂ ਇਨ੍ਹਾਂ ਪੁਸਤਕਾਂ ਨੂੰ ਸਕੂਲ ਸਿਲੇਬਸ ਵਿਚ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁੱਲਤ ਕਰਨ ਦੀ ਜ਼ਿੰਮੇਵਾਰੀ ਨਿਭਾ ਸਕਦੀਆਂ ਹਨ।

ਇਨ੍ਹਾਂ ਪੁਸਤਕਾਂ ਨੂੰ ਪਾਠ ਪੁਸਤਕਾਂ ਵਜੋਂ ਵਰਤਣ ਦੀ ਵਿਧੀ ਅੰਦਰਲੇ ਟਾਈਟਲ ਪੰਨੇ ਤੇ ਪੜ੍ਹੋ ਜੀ।

ATAM PARGAS

ਆਤਮ ਪਰਗਾਸ ਪ੍ਰੋਡਕਸ਼ਨਸ
ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ
99, ਪ੍ਰੀਤ ਵਿਹਾਰ, ਦਾਦ, ਪੱਖੋਵਾਲ ਰੋਡ, ਲੁਧਿਆਣਾ-142 022
+91-82880-10531 / 32 / 33
atampargas@gmail.com www.atampargas.org
www.facebook.com/AtamPargasNews YouTube www.youtube.com/user/atampargas1

9 789385 927874
ISBN : 978-93-85927-87-4
(Set - ISBN : 978-93-85927-85-0)
₹ 120/-
US$ 5.0

© ATAM PARGAS SOCIAL WELFARE COUNCIL